K-26/2110 7637/N

# ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)-318

## Sem-V

Time: 3 Hours M.M.: 75

ਪ੍ਰਸ਼ਨ ਨੰ. 1 ਨਿਮਨਲਿਖਤ ਵਿੱਚੋਂ ਕੋਈ ਦੋ ਸਵਾਲ ਕਰੋ:

(ੳ) 'ਜੁੜਦਾ ਫੈਲਦਾ ਪੰਜਾਬ' ਲੇਖ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

(ਅ) ਪ੍ਰੀਤ ਗਾਥਾ ਹੀਰ ਰਾਂਝਾ ਦਾ ਬਿਰਤਾਂਤ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

(ੲ) 'ਦੇਸ਼ ਤੇ ਲੋਕ' ਲੇਖ ਦਾ ਸੰਖੇਪ ਸਾਰ ਬਿਆਨ ਕਰੋ।

(ਸ) ਦੁੱਲਾ ਭੱਟੀ ਬਾਰੇ ਤੁਸੀਂ ਕੀ ਜਾਣਦੇ ਹੋ, ਵਿਸਥਾਰ ਸਹਿਤ ਲਿਖੋ।

(ਹ) 'ਪਿੰਡ ਦੀਆਂ ਰੌਣਕਾਂ' ਲੇਖ ਵਿੱਚ ਲੇਖਕ ਕੀ ਕਹਿਣਾ ਚਾਹੁੰਦਾ ਹੈ? (02×08=16 ਅੰਕ)

ਪ੍ਰਸ਼ਨ ਨੰ. 2 ਨਿਮਨਲਿਖਤ ਤਿੰਨ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 400 ਸ਼ਬਦਾਂ ਦਾ ਲੇਖ ਲਿਖੋ:

(ੳ) ਦੇਸ਼ ਵਿੱਚ ਵਧ ਰਿਹਾ ਅਸਹਿਣਸ਼ੀਲਤਾ ਦਾ ਵਰਤਾਰਾ

(ਅ) ਕੇਰਲਾ ਵਿੱਚ ਆਏ ਹੜ੍ਹ: ਕਾਰਣ ਅਤੇ ਹੱਲ

(ੲ) ਮਾਦਾ ਭਰੂਣ ਹੱਤਿਆ (09 ਅੰਕ)

ਪ੍ਰਸ਼ਨ ਨੰ. 3 ਹੇਠਾਂ ਲਿਖੇ 15 ਮੁਹਾਵਰਿਆਂ ਵਿੱਚੋਂ ਕੋਈ 10 ਦਾ ਅਰਥ ਦੱਸ ਕੇ ਵਾਕਾਂ ਵਿੱਚ ਇਸ ਪ੍ਰਕਾਰ ਵਰਤੋ ਕਿ ਅਰਥ ਸਪਸ਼ਟ ਹੋ ਜਾਣ:

| | | |
|---|---|---|
| (ੳ) ਉਸਤਾਦੀ ਕਰਨੀ | (ਅ) ਅੱਖ ਲੱਗਣੀ | (ੲ) ਉੱਚਾ ਨੀਵਾਂ ਬੋਲਣਾ |
| (ਸ) ਉਧੜ ਧੁੰਮੀ ਮਚਾਉਣਾ | (ਹ) ਹੱਥਾਂ-ਪੈਰਾਂ ਦੀ ਪੈਣਾ | (ਕ) ਪਾਪੜ ਵੇਲਣੇ |
| (ਖ) ਅੱਖ ਲੱਗਣੀ | (ਗ) ਗਿੱਲਾ ਪੀਹਣ ਪਾਉਣਾ | (ਘ) ਬਿਸਤਰਾ ਗੋਲ ਕਰਨਾ |
| (ਙ) ਇੱਟ ਕੁੱਤੇ ਦਾ ਵੈਰ ਹੋਣਾ | (ਚ) ਪੱਕੇ ਪੈਰੀਂ ਹੋਣਾ | (ਛ) ਬਾਂਹ ਫੜਨੀ |
| (ਜ) ਹੱਥ ਅੱਡਣੇ | (ਝ) ਦਿਨ ਰਾਤ ਇੱਕ ਕਰਨਾ | (ਞ) ਲੱਕ ਟੁੱਟ ਜਾਣਾ |

(10×02=20 ਅੰਕ)

ਪ੍ਰਸ਼ਨ ਨੰ. 4 ਨਿਮਨਲਿਖਤ ਸਵਾਲਾਂ ਦੇ ਸੰਖੇਪ ਜਵਾਬ ਦਿਓ:

(ੳ) ਚਾਣਕਿਆ ਅਤੇ ਪਾਣਿਨੀ ਕਿਸ ਵਿਸ਼ਵ-ਵਿੱਦਿਆਲੇ ਦੇ ਵਿਦਿਆਰਥੀ ਸਨ?

(ਅ) ਪੰਜਾਬ ਦੇ ਜਾਬਰ ਮੁਗ਼ਲ ਹਾਕਮ ਮੀਰ ਮੰਨੂ ਬਾਰੇ, ਉਸ ਸਮੇਂ ਦੇ ਸਿੱਖਾਂ ਵਿੱਚ ਕਿਹੜਾ ਟੱਪਾ ਪ੍ਰਚਲਿਤ ਸੀ?

(ੲ) 1947 ਵਿੱਚ ਹੋਈ ਦੇਸ਼ ਦੀ ਵੰਡ ਨਾਲ ਪੰਜਾਬ ਦਾ ਕੀ ਨੁਕਸਾਨ ਹੋਇਆ?

(ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(ਹ) ਸ੍ਰ. ਕਰਤਾਰ ਸਿੰਘ ਸਰਾਭਾ ਬਾਰੇ ਤੁਸੀਂ ਕੀ ਜਾਣਦੇ ਹੋ?

(ਕ) ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(ਖ) 'ਪੰਜਾਬ ਦੀ ਧਰਤੀ ਦੇ ਗੁਰੂ ਅਤੇ ਹੀਰੇ ਮੋਤੀ' ਲੇਖ ਦੇ ਲੇਖਕ ਦਾ ਕੀ ਨਾਂ ਹੈ?

(ਗ) ਮਹੀਂਵਾਲ ਨੇ ਆਪਣਾ ਪੱਟ ਚੀਰ ਕੇ ਇਸਦਾ ਕਬਾਬ ਕਿਉਂ ਬਣਾਇਆ?

(ਘ) ਸੱਸੀ ਕਿਸ ਅਤੇ ਕਿੱਥੋਂ ਦੇ ਰਾਜੇ ਦੀ ਪੁੱਤਰੀ ਸੀ?

(ਙ) ਬੋਦਲਾਂ ਪਿੰਡ ਦੀ ਜੂਹ ਵਿੱਚ ਸਥਿਤ ਗੁਰਦੁਆਰੇ ਦਾ ਕੀ ਨਾਂ ਹੈ?

(ਚ) ਮਹਿੰਦਰ ਸਿੰਘ ਰੰਧਾਵਾ ਅਨੁਸਾਰ ਅੰਬਾਂ ਦੇ ਬਾਗ਼ਾਂ ਵਿੱਚੋਂ ਪਿੰਡ ਦੇ ਲੋਕਾਂ ਨੂੰ ਰੂਹਾਨੀ ਖ਼ੁਰਾਕ ਕਿਵੇਂ ਮਿਲਦੀ ਹੈ?

(ਛ) ਮਹਿੰਦਰ ਸਿੰਘ ਰੰਧਾਵਾ ਅਨੁਸਾਰ ਉਹਨਾਂ ਦੇ ਪਿੰਡ ਵਿੱਚ ਬਰਸਾਤ ਦੇ ਮੌਸਮ ਦਾ ਨਜ਼ਾਰਾ ਕਿਹੋ ਜਿਹਾ ਹੁੰਦਾ ਹੈ?

(ਜ) ਭਾਰਤੀ ਪੰਜਾਬ ਵਿੱਚ ਬੋਲੀਆਂ ਜਾਂਦੀਆਂ ਉਪ-ਬੋਲੀਆਂ ਦੇ ਨਾਂ ਅਤੇ ਇਲਾਕੇ ਦੱਸੋ।

(ਝ) ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਬਾਰੇ ਜਾਣਕਾਰੀ ਦਿਓ।

(ਞ) ਔਰੰਗਜ਼ੇਬ ਸੁਭਾਅ ਪੱਖੋਂ ਕਿਹੋ ਜਿਹਾ ਬਾਦਸ਼ਾਹ ਸੀ? (15×02=30 ਅੰਕ)